**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਐਸ.ਏ.ਐਸ. ਨਗਰ ਪੰਜਾਬ**

(ਕੋਆਰਡੀਨੇਸ਼ਨ ਸੈੱਲ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਮੰਡਲ ਸਿੱਖਿਆ ਅਫਸਰ/
ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ.)।

ਮੀਮੋ ਨੰ: 15/61-2017 2 ਨ2(1)/460
ਮਿਤੀ: 24.7.17

**ਵਿਸ਼ਾ:- ਅਧਿਕਾਰੀਆਂ / ਕਰਮਚਾਰੀਆਂ ਦੀ ਸਲਾਨਾ ਗੁਪਤ ਰਿਪੋਰਟਾਂ ਵਿੱਚ ਪ੍ਰਤੀਕੂਲ ਕਥਨ ਦਰਜ ਕਰਨ ਸਬੰਧੀ।**

ਇਹ ਵੇਖਣ ਵਿੱਚ ਆਇਆ ਹੈ ਕਿ ਅਧਿਕਾਰੀਆਂ / ਕਰਮਚਾਰੀਆਂ ਦੀ ਸਲਾਨਾ ਗੁਪਤ ਰਿਪੋਰਟਾਂ ਵਿੱਚ ਰਿਪੋਰਟ ਕਰਤਾ ਅਧਿਕਾਰੀ ਵੱਲੋਂ ਕਈ ਵਾਰ ਪ੍ਰਤੀਕੂਲ ਕਥਨ ਦਰਜ ਕੀਤੇ ਜਾਂਦੇ ਹਨ ਪਰ ਇਨ੍ਹਾਂ ਪ੍ਰਤੀਕੂਲ ਕਥਨਾਂ ਬਾਰੇ ਸਬੰਧਤ ਅਧਿਕਾਰੀ / ਕਰਮਚਾਰੀ ਨੂੰ ਪਤਾ ਨਹੀਂ ਹੁੰਦਾ। ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਮੁਤਾਬਿਕ ਜੇਕਰ ਕਿਸੇ ਅਧਿਕਾਰੀ / ਕਰਮਚਾਰੀ ਦੀ ਸਲਾਨਾ ਗੁਪਤ ਰਿਪੋਰਟ ਵਿੱਚ ਕੋਈ ਪ੍ਰਤੀਕੂਲ ਕਥਨ ਦਰਜ ਕਰਨਾ ਹੈ ਤਾਂ ਉਸ ਤੋਂ ਪਹਿਲਾਂ, ਜਿਸ ਸਮੇਂ ਦੀ ਰਿਪੋਰਟ ਲਿਖੀ ਗਈ ਹੈ, ਉਸ ਸਮੇਂ ਦੌਰਾਨ ਰਿਪੋਰਟ ਕਰਤਾ ਅਧਿਕਾਰੀ ਵੱਲੋਂ ਸਬੰਧਤ ਅਧਿਕਾਰੀ / ਕਰਮਚਾਰੀ ਨੂੰ ਲਿਖਤੀ ਤੌਰ ਤੇ ਆਪਣੇ ਕੰਮ ਵਿੱਚ ਸੁਧਾਰ ਕਰਨ ਲਈ ਸੁਚੇਤ ਕਰਨਾ ਜਰੂਰੀ ਹੈ।

ਉਪਰੋਕਤ ਸਥਿਤੀ ਦੇ ਸਨਮੁੱਖ ਆਪਣੇ ਅਧੀਨ ਕੰਮ ਕਰਦੇ ਸਮੂਹ ਅਧਿਕਾਰੀਆਂ, ਜਿਹਨਾਂ ਵੱਲੋਂ ਗੁਪਤ ਰਿਪੋਰਟਾਂ ਲਿਖਣੀਆਂ ਹਨ, ਨੂੰ ਹਦਾਇਤ ਕੀਤੀ ਜਾਵੇ ਕਿ ਉਹ ਗੁਪਤ ਰਿਪੋਰਟਾਂ ਲਿਖਦੇ ਸਮੇਂ ਇਹ ਧਿਆਨ ਵਿੱਚ ਰੱਖਣ ਕਿ ਜੇਕਰ ਕਿਸੇ ਵੀ ਅਧਿਕਾਰੀ / ਕਰਮਚਾਰੀ ਦੀ ਸਲਾਨਾ ਗੁਪਤ ਰਿਪੋਰਟ ਵਿੱਚ ਕੋਈ ਪ੍ਰਤੀਕੂਲ ਕਥਨ ਦਰਜ ਕਰਨਾ ਹੈ ਤਾਂ ਰਿਪੋਰਟ ਕਰਤਾ ਅਧਿਕਾਰੀ ਸਬੰਧਤ ਕਰਮਚਾਰੀ ਨੂੰ ਪਹਿਲਾਂ ਇਸ ਬਾਰੇ ਲਿਖਤੀ ਤੌਰ ਤੇ ਆਪਣੇ ਕੰਮ ਵਿੱਚ ਸੁਧਾਰ ਕਰਨ ਲਈ ਜਰੂਰ ਲਿਖਣ। ਜੇਕਰ ਉਹ ਆਪਣੇ ਕੰਮ ਵਿੱਚ ਫਿਰ ਵੀ ਸੁਧਾਰ ਨਹੀਂ ਲਿਆਉਂਦਾ ਤਾਂ ਹੀ ਪ੍ਰਤੀਕੂਲ ਕਥਨ ਦਰਜ ਕੀਤੇ ਜਾਣ। ਇਸ ਤੋਂ ਇਲਾਵਾ ਰੀਵਿਊ ਕਰਤਾ ਅਧਿਕਾਰੀ ਅਤੇ ਪ੍ਰਵਾਨ ਕਰਤਾ ਅਧਿਕਾਰੀ ਵੀ ਇਨ੍ਹਾਂ ਦਰਜ ਕੀਤੇ ਜਾਣ ਵਾਲੇ ਪ੍ਰਤੀਕੂਲ ਕਥਨਾਂ ਸਬੰਧੀ ਰਿਪੋਰਟ ਰੀਵਿਊ / ਪ੍ਰਵਾਨ ਕਰਦੇ ਸਮੇਂ ਇਨ੍ਹਾ ਹਦਾਇਤਾਂ ਨੂੰ ਧਿਆਨ ਵਿੱਚ ਰੱਖਣ ਦੀ ਹਦਾਇਤ ਕੀਤੀ ਜਾਂਦੀ ਹੈ।

ਇਹਨਾ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ:

ਉਤਾਰਾ ਸਕੱਤਰ ਪੰਜਾਬ ਸਰਕਾਰ ਸਕੂਲ ਸਿਖਿੱਆ ਵਿਭਾਗ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ।